ਵਿਜੀਲੈਂਸ ਬਿਊਰੋ ਹੈਡਕੁਆਟਰ,
ਪੰਜਾਬ, ਐਸ.ਏ.ਐਸ. ਨਗਰ।
ਡਾਇਰੀ ਨੰਬਰ 11933
ਮਿਤੀ 27-9-22

ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤਾਂ ਵਿਭਾਗ

## ਨੋਟੀਫਿਕੇਸ਼ਨ

ਨੰ:E 122499/GRMC/172 ਮਿਤੀ, ਚੰਡੀਗੜ੍ਹ : 31-08-2022

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 309 ਦੇ ਪ੍ਰਾਵਧਾਨ ਅਧੀਨ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਅਤੇ ਹੋਰ ਸਾਰੀਆਂ ਸ਼ਕਤੀਆਂ ਜੋ ਉਹਨਾਂ ਨੂੰ ਸਮਰੱਥ ਬਣਾਉਂਦੀਆਂ ਹਨ, ਦੀ ਵਰਤੋ ਕਰਦੇ ਹੋਏ ਸਰਕਾਰ ਦੇ ਕੰਮਕਾਜ ਵਿੱਚ ਡਿਜੀਟਾਈਜ਼ੇਸ਼ਨ ਨੂੰ ਉਤਸਾਹਿਤ ਕਰਨ ਲਈ ਡਿਜੀਟਲੀ ਦਸਤਖ਼ਤ ਕੀਤੇ ਦਸਤਾਵੇਜ਼ਾਂ ਨੂੰ ਸਵੀਕਾਰ/ਜਾਰੀ ਕਰਨ ਲਈ ਨੋਟੀਫਾਈ ਕਰਦੇ ਹਨ ਕਿ:

1. ਸਰਕਾਰੀ ਸੇਵਾਵਾਂ ਨੂੰ ਮੰਨਜ਼ੂਰੀ ਦੇਣ ਵਾਲੇ ਅਧਿਕਾਰੀ ਡਿਜੀਟਲੀ ਪ੍ਰੋਸੈਸ ਕੀਤੀਆਂ ਅਰਜ਼ੀਆਂ ਨੂੰ ਮਨਜ਼ੂਰੀ ਦੇਣ ਲਈ ਡਿਜੀਟਲ ਦਸਤਖ਼ਤਾਂ ਦੀ ਵਰਤੋਂ ਕਰਨਗੇ।
2. ਆਈ.ਟੀ.ਐਕਟ 2000 ਦੇ ਉਪਬੰਧਾਂ ਦੇ ਅਨੁਸਾਰ ਦਸਤਾਵੇਜ਼, ਜਿਨ੍ਹਾਂ ਤੇ ਡਿਜੀਟਲ ਦਸਤਖ਼ਤ ਹੋਣ, ਨੂੰ ਹੱਥ ਲਿਖਤ/ ਹਸਤਾਖਰਿਤ/ਸਟੈਂਪਡ/ਹੋਲੋਗ੍ਰਾਮ ਨਾਲ ਜੁੜੇ ਦਸਤਾਵੇਜ਼ਾਂ ਦੇ ਬਰਾਬਰ ਮਾਨਤਾ ਦਿਤੀ ਜਾਵੇਗੀ।
3. ਸਾਰੇ ਦਸਤਾਵੇਜ਼, ਜਿਨ੍ਹਾਂ ਤੇ ਡਿਜੀਟਲ ਦਸਤਖ਼ਤ ਹੋਣ, ਤੇ ਵਿਲੱਖਣ ID/ਸੀਰੀਅਲ ਨੰਬਰ/QR ਕੋਡ ਪ੍ਰਿੰਟ ਹੋਏ ਚਾਹੀਦੇ ਹਨ, ਜੋ ਕਿ ਆਨਲਾਈਨ ਤਸਦੀਕ ਕੀਤੇ ਜਾ ਸਕਦੇ ਹੋਣ। (ਆਨਲਾਈਨ ਤਸਦੀਕ ਪ੍ਰਕਿਰਿਆ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ ਲਈ, ਤਸਦੀਕ ਕਰਨ ਵਾਲੀ ਵੈਬਸਾਈਟਾਂ 'gov.in', 'nic.in', 'edu.in', 'res.in', 'ac.in', 'mil.in' ਦੀ ਵਰਤੋਂ ਕਰਦੀਆਂ ਹੋਈਆ ਚਾਹੀਦੀਆਂ ਹਨ ਜਾਂ ਹੋਰ ਡੋਮੇਨ ਜੋ ਵਿਸ਼ੇਸ਼ ਤੌਰ 'ਤੇ ਸਰਕਾਰ ਨੂੰ ਅਲਾਟ ਹੋਏ ਹੋਣ ਅਤੇ ਸਰਕਾਰ ਤੱਕ ਸੀਮਤ ਹੋਣ।)
4. ਜਿੱਥੇ ਕਿ ਡਿਜੀਟਲ ਦਸਤਖ਼ਤ ਕੀਤੇ ਹੋਏ ਦਸਤਾਵੇਜ਼ ਪ੍ਰਦਾਨ/ਪੇਸ਼ ਕੀਤੇ ਗਏ ਹੋਣ, ਅਧਿਕਾਰੀ ਭੌਤਿਕ ਹਸਤਾਖਰਾਂ ਵਾਲੇ ਦਸਤਾਵੇਜ਼ ਜਾਂ ਹੋਲੋਗ੍ਰਾਮ, ਜਾਂ ਸਟੈਂਪ ਦੀ ਮੰਗ ਨਹੀ ਕਰਨਗੇ ।

ਇਹ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਮਿਤੀ, ਚੰਡੀਗੜ੍ਹ:
31-08-2022

ਤੇਜਵੀਰ ਸਿੰਘ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਨੰ: E 122499/GRMC/173 ਮਿਤੀ, ਚੰਡੀਗੜ੍ਹ : 31-08-2022

ਉਪਰੋਕਤ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਗੁਰਪ੍ਰੀਤ ਸਿੰਘ
ਅਧੀਨ ਸਕੱਤਰ

ਨੰ: E 122499/GRMC/174 ਮਿਤੀ, ਚੰਡੀਗੜ੍ਹ : 31-08-2022

ਉਪਰੋਕਤ ਦਾ ਇਕ ਉਤਾਰਾ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਸਮੂਹ ਵਿਭਾਗਾਂ ਦੇ ਮੁਖੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਮੁਖੀ ਅਤੇ ਪੰਜਾਬ ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਗੁਰਪ੍ਰੀਤ ਸਿੰਘ
ਅਧੀਨ ਸਕੱਤਰ

ਨੰ: E 122499/GRMC/175 ਮਿਤੀ, ਚੰਡੀਗੜ੍ਹ : 31-08-2022

ਉਪਰੋਕਤ ਦਾ ਇਕ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ ਨੂੰ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ (ਆਮ) ਵਿੱਚ ਪ੍ਰਕਾਸ਼ਿਤ ਕਰਨ ਅਤੇ ਇਸ ਨੋਟੀਫਿਕੇਸ਼ਨ ਦੀਆਂ 5 ਕਾਪੀਆਂ ਵਿਭਾਗ ਨੂੰ ਭੇਜਣ ਦੀ ਬੇਨਤੀ ਸਮੇਤ ਭੇਜਿਆ ਜਾਂਦਾ ਹੈ।

ਗੁਰਪ੍ਰੀਤ ਸਿੰਘ
ਅਧੀਨ ਸਕੱਤਰ

Scanned with CamScanner

ਈ-ਮੇਲ

ਦਫਤਰ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ।

ਨੰਬਰ 17730-829/ਈ-2(4), ਮਿਤੀ 22-09-2022

ਉਪਰੋਕਤ ਦਾ ਉਤਾਰਾ ਪੰਜਾਬ ਪੁਲਿਸ ਦੇ ਸਮੂਹ ਦਫਤਰਾਂ ਦੇ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਰਾਜ ਸਰਕਾਰ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ ।

ਸੁਪਰਡੰਟ/ਅਮਲਾ-2
ਵਾ: ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

## ਦਫਤਰ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਐਸ.ਏ.ਐਸ.ਨਗਰ।

ਨੰਬਰ:36138-65/ਵਬ/ਐਸ-3, ਮਿਤੀ, 3-10-22

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਸੰਯੁਕਤ ਡਾਇਰੈਕਟਰ ਪ੍ਰਸ਼ਾਸਨ, ਵਿਜੀਲੈਂਸ ਬਿਊਰੋ, ਪੰਜਾਬ।
2. ਸੰਯੁਕਤ ਡਾਇਰੈਕਟਰ ਕਰਾਈਮ, ਵਿਜੀਲੈਂਸ ਬਿਊਰੋ, ਪੰਜਾਬ।
3. ਸੰਯੁਕਤ ਡਾਇਰੈਕਟਰ ਆਈ.ਵੀ.ਸੀ ਅਤੇ ਐਸ.ਯੂ, ਵਿਜੀਲੈਂਸ ਬਿਊਰੋ, ਪੰਜਾਬ।
4. ਸੰਯੁਕਤ ਡਾਇਰੈਕਟਰ (ਸ਼ਿਕਾਇਤ ਸੈਲ), ਵਿਜੀਲੈਂਸ ਬਿਊਰੋ, ਪੰਜਾਬ।
5. ਸੰਯੁਕਤ ਡਾਇਰੈਕਟਰ ਪ੍ਰਾਸੀਕਿਊਸ਼ਨ, ਵਿਜੀਲੈਂਸ ਬਿਊਰੋ, ਪੰਜਾਬ।
6. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ ਵਿਜੀਲੈਂਸ ਬਿਊਰੋ,ਪੰਜਾਬ।
7. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ।
8. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ, ਰੇਂਜ ਅੰਮ੍ਰਿਤਸਰ, ਰੇਂਜ ਜਲੰਧਰ, ਰੇਂਜ
9. ਲੁਧਿਆਣਾ, ਰੇਂਜ ਫਿਰੋਜਪੁਰ, ਰੇਂਜ ਬਠਿੰਡਾ, ਰੂਪਨਗਰ ,ਰੇਂਜ ਐਟ ਸ.ਅ.ਸ.ਨਗਰ ਅਤੇ ਅ.ਅੰ.ਸ਼ਾਖਾ, ਲੁਧਿਆਣਾ
10. ਐਸ.ਓ. ਟੂ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
11. ਰੀਡਰ ਟੂ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
12. ਰੀਡਰ ਟੂ ਅਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ, ਵਿਜੀਲੈਂਸ ਬਿਊਰੋ,ਪੰਜਾਬ।
13. ਸੁਪਰਡੈਂਟ ਐਡਮਨ, ਵਿਜੀਲੈਂਸ ਬਿਊਰੋ, ਪੰਜਾਬ।
14. ਸੁਪਰਡੈਂਟ ਕਰਾਈਮ-1,ਵਿਜੀਲੈਂਸ ਬਿਊਰੋ, ਪੰਜਾਬ।
15. ਸੁਪਰਡੈਂਟ ਕਰਾਈਮ-2,ਵਿਜੀਲੈਂਸ ਬਿਊਰੋ, ਪੰਜਾਬ।
16. ਡਿਊਟੀ ਅਫਸਰ, ਵਿਜੀਲੈਂਸ ਬਿਊਰੋ, ਪੰਜਾਬ।
17. ਐਮ.ਟੀ.ਓ, ਵਿਜੀਲੈਂਸ ਬਿਊਰੋ, ਪੰਜਾਬ।
18. ਲੇਖਾਕਾਰ, ਵਿਜੀਲੈਂਸ ਬਿਊਰੋ, ਪੰਜਾਬ।
19. ਇੰਚਾਰਜ ਡਿਜੀਟੇਸ਼ਨ/ਮਾਡਰਨਾਈਜੇਸ਼ਨ, ਵਿਜੀਲੈਂਸ ਬਿਊਰੋ, ਪੰਜਾਬ।
20. ਇੰਚਾਰਜ ਸੋਫਟਵੇਅਰ, ਵਿਜੀਲੈਂਸ ਬਿਊਰੋ, ਪੰਜਾਬ।
21. ਇੰਚਾਰਜ ਡਬਲਯੂ.ਐਮ.ਸੀ, ਵਿਜੀਲੈਂਸ ਬਿਊਰੋ, ਪੰਜਾਬ।
22. ਇੰਚਾਰਜ ਸੈਕਸ਼ਨ-13, ਵਿਜੀਲੈਂਸ ਬਿਊਰੋ, ਪੰਜਾਬ।

ਰੂਪ ਲਾਲ 03/10/22

(ਰੂਪ ਲਾਲ)
ਸੁਪਰਡੈਂਟ ਪ੍ਰਸ਼ਾਸਨ
ਵਾਸਤੇ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ,ਪੰਜਾਬ